# ਐਮਬੀਡੀ ਗਰੁੱਪ ਨੇ ਖੋਲ੍ਹਿਆ ਚਾਕਲੇਟ ਬਾਕਸ ਐਂਡ ਲਾਊਂਜ

**ਨਿੱਜੀ ਪੱਤਰ ਪ੍ਰੇਰਕ**

**ਲੁਧਿਆਣਾ, 29 ਅਪਰੈਲ**

ਕਈ ਐਵਾਰਡ ਜਿੱਤਣ ਵਾਲੇ ਖਾਦ ਅਤੇ ਡ੍ਰਿੰਕ ਬ੍ਰਾਂਡ ਦਿ ਚੌਕਲੇਟ ਬਾਕਸ ਐਂਡ ਲਾਊਂਜ ਨੇ ਐਮਬੀਡੀ ਨਿਯੋਪੋਲਿਸ ਵਿੱਚ ਆਪਣਾ ਨਵਾਂ ਆਊਟਲੈੱਟ ਸ਼ੁਰੂ ਕੀਤਾ ਹੈ। ਪਿਛਲੇ 15 ਸਾਲਾਂ ਤੋਂ, ਦਿ ਚੌਕਲੇਟ ਐਂਡ ਲਾਊਂਜ, ਐਮਬੀਡੀ ਗਰੁੱਪ ਦੇ ਮਾਲਕਾਨਾ ਹੱਕ ਵਾਲੇ ਪੰਜ ਸਿਤਾਰਾ ਹੋਟਲਾਂ 'ਚ ਸੰਚਾਲਨ ਕਰਦਾ ਰਿਹਾ ਹੈ। ਐਮਬੀਡੀ ਗਰੁੱਪ ਦੀ ਚੇਅਰਪਰਸਨ ਸ਼ਤੀਸ਼ ਬਾਲਾ ਮਲਹੋਤਰਾ ਅਤੇ ਐਮਡੀ ਮੋਨਿਕਾ ਮਲਹੋਤਰਾ ਕੰਧਾਰੀ ਨੇ ਦੱਸਿਆ ਕਿ ਉਨ੍ਹਾਂ ਵਲੋਂ ਅਗਲੇ ਪੰਜ ਸਾਲਾਂ ਵਿਚ ਭਾਰਤ ਦੇ ਪ੍ਰਮੁੱਖ ਸ਼ਹਿਰਾਂ ਤੇ ਰਾਜਾਂ ਦੀਆਂ ਰਾਜਧਾਨੀਆਂ 'ਚ ਅਜਿਹੇ 100 ਲਾਊਂਜ ਖੋਲ੍ਹਣ ਦੀ ਤਜਵੀਜ਼ ਸ਼ਾਮਲ ਹੈ।